# ਮਿੱਠੇ ਮੇਵੇ

ਵਿਧਾਤਾ ਸਿੰਘ 'ਤੀਰ'

G.571

SARDAR DYAL SINGH
LAHORE
LIBRARY.

SINGH BROTHERS
Anarkali, Lahore.

ਪ੍ਰਕਾਸ਼ਕ
ਭਾਪੇ ਦੀ ਹੱਟੀ (ਰਜਿਸਟਰਡ)
ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ

ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ.

ਕਵਿਤਾ ਵਿਚ-ਇਸੇ ਕਲਮ ਦੇ ਹੋਰ ਪੁਸਤਕ
ਜਿਸ ਵਿਚ 'ਦਸਮੇਸ਼-ਦਰਸ਼ਨ' 'ਨਲ-ਦਮਯੰਤੀ' 'ਧਰੂਹ ਭਗਤ'
'ਨਵੇਂ ਨਿਸ਼ਾਨੇ' 'ਅਣਿਆਲੇ ਤੀਰ' 'ਦੁਖਯੰਤ ਸਕੁੰਤਲਾ'
ਨਾਵਲ-'ਤਿੰਨ ਸਿਪਾਹੀ' 'ਚੰਨ ਚਾਨਣੀ' 'ਅਣੋਖੀ ਭੁਖ' ਆਦਿ ।

27816

ਪਹਿਲੀ ਵਾਰ ੧੯੪੨

ਸੁੰਦਰ ਪ੍ਰਿੰਟਿੰਗ ਪ੍ਰੈਸ ਅਮ੍ਰਿਤਸਰ ਵਿੱਚ ਭਾਈ ਸੁੰਦਰ ਸਿੰਘ ਮੈਨੇਜਰ
ਤੇ ਪ੍ਰਿੰਟਰ ਦੇ ਯਤਨ ਨਾਲ ਛਪੇ ਤੇ ਸ੍ਰ: ਹਰਭਜਨ ਸਿੰਘ
ਮਾਲਕ-ਭਾਪੇ ਦੀ ਹੱਟੀ ਬਾਜ਼ਾਰ ਮਾਈ ਸੇਵਾਂ ਤੋਂ ਪ੍ਰਕਾਸ਼ਤ ਹੋਏ ।

ਬਚਪਣ

ਨੂੰ

# ਮਿਠੀਆਂ

ਬੀਬੀਓ ਰਾਣਿਓਂ ! ਤੁਸੀ ਕੁਝ ਸਾਲ ਪਹਿਲਾਂ ਕਿੰਨੇ ਕੁ ਵਡੇ ਸੋ, ਇਹ ਤੁਹਾਨੂੰ ਚੇਤਾ ਨਹੀਂ ਤਾਂ ਘਰ ਵਿਚ ਹੀ ਨਿਕੀ ਭੈਣ, ਜਾਂ ਮਾਂ ਦਾ ਦੁਧ ਚੁੰਘਦਾ ਆਪਣਾ ਨਿਕਾ ਵੀਰਾ, ਜਾਂ ਭਰਜਾਈ ਦੀ ਗੋਦ ਵਿਚ ਮਿਠਾ ਮਿਠਾ ਮੁਸਕਾਂਦਾ ਭਤੀਜਾ ਵੇਖ ਲਵੋ ਬਸ ਤੁਸੀ ਵੀ ਅਜ ਤੋਂ ਕੁਝ ਸਮਾਂ ਪਹਿਲੇ ਇਹੋ ਜਿਹੇ ਸਾਉ।

ਹੁਣ ਤੁਸੀ ਵਡੇ ਹੋ ਗਏ ਓ. ਦੌੜਦੇ ਓ, ਗਲਾਂ ਕਰਦੇ ਓ, ਖਾਂਦੇ ਪੀਂਦੇ ਓ, ਸੋਚਦੇ ਸਮਝਦੇ ਓ, ਸਕੂਲੇ ਪੜ੍ਹਨ ਜਾਂਦੇ ਓ, ਕਤਾਬਾਂ ਪੜ੍ਹਦੇ, ਤੇ ਪੱਟੀਆਂ ਲਿਖਦੇ ਓ, ਮੈਂ ਸੋਚਿਆ ਦੁਨੀਆਂ ਤੁਹਾਨੂੰ "ਬਾਲ ਗੁਪਾਲ" ਆਖਦੀ ਏ, ਜਿਸਦਾ ਮਤਲਬ ਹੈ "ਭੋਲਾ ਰੱਬ" ਸੋ ਤੁਸੀ ਭੋਲੇ ਰਬ ਹੋਏ। ਤੁਸੀ ਮੇਰੇ ਰਬ ਹੋ, ਅਗੇ ਮੈਂ ਸਿਆਣਿਆਂ ਲਈ 'ਅਣੀਆਲੇ ਤੀਰ' 'ਨਵੇਂ ਨਿਸ਼ਾਨੇ' 'ਦਸਮੇਸ਼-ਦਰਸ਼ਨ' ਆਦਿ ਪੁਸਤਕਾਂ ਲਿਖਕੇ ਉਨ੍ਹਾਂ ਨੂੰ ਪੂਜਿਆ, ਅਜ ਮੈਂ ਤੁਹਾਨੂੰ ਪੂਜਦਾ ਹਾਂ ਮੈਨੂੰ ਖੁਸ਼ੀ ਦਿਓ ਕਿ ਮੈਂ ਤੁਹਾਡਾ ਪੁਜਾਰੀ ਬਣਾਂ। ਕਵੀ ਬਾਗ਼ਾਂ ਦਾ ਮਾਲਕ ਨਹੀਂ ਹੁੰਦਾ, ਇਸ ਕੋਲ ਰੁਪੱਈਆਂ ਦੀਆਂ ਥੈਲੀਆਂ ਨਹੀਂ ਹੁੰਦੀਆਂ, ਇਹ ਲਡੂ ਪੇੜੇ ਤੇ ਬਰਫੀਆਂ ਦੇ ਥਾਲਾਂ ਦੀ ਥਾਂ ਅਜ ਤੁਹਾਨੂੰ "ਮਿਠੇ ਮੇਵੇ" ਅਰਪਨ ਕਰਦਾ ਏ, ਇਹ ਮੇਵੇ ਕਵੀ–ਦਿਲ ਦੇ ਬਾਗ ਵਿਚ ਪੈਦਾ ਹੋਏ ਨੇ, ਇਹ ਪ੍ਰੇਮ ਦੇ ਬੂਟਿਆਂ ਨਾਲ ਲਗੇ ਨੇ. ਇਹ ਤੁਹਾਨੂੰ ਭੇਟ ਚੜ੍ਹਾਉਂਦਾ ਹਾਂ ਜੇ ਇਹਨਾਂ ਦਾ ਸਵਾਦ ਮਾਣਨ ਉਤੇ ਤੁਸੀ ਮੈਨੂੰ ਮੁਸਕਾਂਦੇ ਦਿਸੇ ਤਾਂ ਮੈਂ ਸਮਝਾਂਗਾ, ਮੇਰੇ ਉਤੇ ਰਬ ਖੁਸ਼ ਹੋਗਿਆ ਫਿਰ ਮੈਂ ਹੋਰ ਕੁਝ ਲੈਕੇ ਤੁਹਾਡੇ ਅਗੇ ਭੇਟਾ ਧਰਾਂਗਾ। ਹਛਾ !

ਤਾਰੀਖ ੨੨–੭–੪੨.　　　　ਵਿਧਾਤਾ ਸਿੰਘ 'ਤੀਰ'

# ਅਰਦਾਸ

ਜੀ ਓ ! ਮੇਰੇ ਰੱਬਾ ! ਬੀਬੇ ਰਾਣਿਆ !
ਮੈਨੂੰ ਦੇਵੀਂ ਬੁੱਧ, ਸੁਘੜ ਸਿਆਣਿਆ !
ਖੇਡਾਂ ਤੇਰੇ ਨਾਲ ਮੈਂ, ਮੇਰੇ ਨਾਲ ਤੂੰ।
ਮੈਂ ਬਣਿਆਂ ਹਾਂ ਬਾਲ, ਬਣ ਜਾ ਬਾਲ ਤੂੰ।
ਤਾਰੇ ਦੇਹ ਖਿਡੌਣੇ, ਖੇਡ ਮਚਾਵੀਏ।
ਚੰਦ ਸੂਰਜ ਦੇਹ ਖਿੱਦੋ, ਟੋਣੇ ਲਾਵੀਏ।
ਬਿਜਲੀਆਂ ਦੇ ਸ਼ੱਕਰਪਾਰੇ, ਤੱਲ ਦੇਹ।
ਕੱਕਰ ਦੀ ਮਠਿਆਈ, ਛੇਤੀ ਘੱਲ ਦੇਹ।
ਦਿਲ ਦੀ ਕੁੰਜੀ ਫੇਰ, ਬਣਾ ਦੇ ਹੱਸਣਾ।
ਵੇਖ ਦੁਖੀ ਨੂੰ ਆਵੇ, ਛਮ ਛਮ ਵੱਸਣਾ।
ਮੈਂ ਹਾਂ ਬਾਲ ਅੰਜਾਣ, ਇਹ ਅਰਦਾਸ ਹੈ।
ਦਿਲ ਉਹ ਮੈਨੂੰ ਦੇ, ਜੁ ਤੇਰੇ ਪਾਸ ਹੈ !

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.